# ਪੰਜਾਬ ਸਰਕਾਰ ਵੱਲੋ ਸਬਜੀਆਂ ਤੇ ਫ਼ਲਾਂ ਦੀ ਕਾਸ਼ਤ ਨੂੰ ਉਤਸਾਹਿਤ ਕਰਨ ਲਈ ਕਿਸਾਨਾਂ ਨੂੰ ਸਬਸਿਡੀ ਦਿੱਤੀ ਜਾ ਰਹੀ ਹੈ-ਡਿਪਟੀ ਕਮਿਸ਼ਨਰ

- **ਜਿਲ੍ਹੇ 'ਚ 9 ਪੌਲੀ ਹਾਊਸ 'ਤੇ ਕਰੀਬ 96 ਲੱਖ ਰੁਪਏ ਦੀ 50 ਫ਼ੀਸਦੀ ਸਬਸਿਡੀ ਦਿੱਤੀ ਗਈ**
- **ਕੋਲਡ ਸਟੋਰ ਸਥਾਪਿਤ ਕਰਨ ਲਈ ਜ਼ਿਮੀਦਾਰਾਂ ਨੂੰ ਲਗਭੱਗ 1.13 ਕਰੋੜ ਰੁਪਏ ਦੀ ਦਿੱਤੀ ਗਈ ਵਿੱਤੀ ਸਹਾਇਤਾ**
- **ਜਿਲ੍ਹੇ 'ਚ 8,572 ਹੈਕਟੇਅਰ ਰਕਬਾ ਸਬਜ਼ੀਆਂ ਦੀ ਕਾਸ਼ਤ ਅਧੀਨ ਲਿਆਂਦਾ ਗਿਆ**

ਮੋਗਾ ਜਨਵਰੀ 1:

ਪੰਜਾਬ ਸਰਕਾਰ ਵੱਲੋ ਸਬਜੀਆਂ, ਫ਼ਲਾਂ ਦੀ ਕਾਸ਼ਤ ਨੂੰ ਉਤਸਾਹਿਤ ਕਰਨ ਲਈ ਸਬਜ਼ੀ ਅਤੇ ਫ਼ਲ ਉਤਪਾਦਕ ਕਿਸਾਨਾਂ ਨੂੰ ਸਬਸਿਡੀ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਇਸ ਸਕੀਮ ਤਹਿਤ ਬਾਗਬਾਨੀ ਵਿਭਾਗ ਮੋਗਾ ਰਾਹੀਂ ਜਿਲ੍ਹੇ ਵਿੱਚ ਪਿਛਲੇ ਦੋ ਸਾਲਾਂ ਦੌਰਾਨ 9 ਪੌਲੀ ਹਾਊਸ ਲਗਾਏ ਗਏ ਹਨ, ਜਿੰਨ੍ਹਾਂ 'ਤੇ ਸਰਕਾਰ ਵੱਲੋਂ ਕਿਸਾਨਾਂ ਨੂੰ 96 ਲੱਖ 17 ਹਜ਼ਾਰ 824 ਰੁਪਏ ਦੀ 50 ਫ਼ੀਸਦੀ ਸਬਸਿਡੀ ਦਿੱਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮੋਗਾ ਸ. ਪਰਮਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਆਰ.ਕੇ.ਵੀ.ਵਾਈ) ਸਕੀਮ ਤਹਿਤ 2 ਕੋਲਡ ਸਟੋਰ ਲਗਵਾਏ ਗਏ ਹਨ, ਜਿੰਨ੍ਹਾਂ ਉਪਰ ਜ਼ਿਮੀਦਾਰਾਂ ਨੂੰ 1 ਕਰੋੜ 13 ਲੱਖ 15 ਹਜ਼ਾਰ 912 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਮਧੂ-ਮੱਖੀਆਂ ਪਾਲਣ ਦੇ ਸਹਾਇਕ ਧੰਦੇ ਨੂੰ ਉਤਸਾਹਿਤ ਕਰਨ ਲਈ ਵੀ ਸਰਕਾਰ ਵੱਲੋਂ 1,600 ਰੁਪਏ ਪ੍ਰਤੀ ਬਕਸੇ ਦੇ ਹਿਸਾਬ ਨਾਲ 4,025 ਬਕਸਿਆਂ 'ਤੇ ਸਬਸਿਡੀ ਦਿੱਤੀ ਜਾਂਦੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਵੇਂ ਰਾਜ ਦੇ ਬਾਕੀ ਜਿਲ੍ਹਿਆਂ ਦੇ ਮੁਕਾਬਲੇ ਜਿਲ੍ਹਾ ਮੋਗਾ ਵਿੱਚ ਬਾਗਾਂ ਹੇਠ ਰਕਬਾ ਘੱਟ ਹੈ, ਪ੍ਰੰਤੂ ਸਬਜੀਆਂ ਦੀ ਕਾਸਤ ਦੇ ਨਜ਼ਰੀਏ ਜਿਲ੍ਹੇ ਵਿੱਚ 8,572 ਹੈਕਟੇਅਰ ਰਕਬਾ ਸਬਜ਼ੀਆਂ ਦੀ ਕਾਸ਼ਤ ਅਧੀਨ ਲਿਆਂਦਾ ਗਿਆ ਹੈ, ਜਿਸ ਵਿੱਚੋਂ 2,00,508 ਮੀਟ੍ਰਿਕ ਟਨ ਆਲੂ, ਪਿਆਜ, ਗੋਭੀ, ਟਮਾਟਰ, ਵੇਲਾਂ ਵਾਲੀਆਂ ਸਬਜ਼ੀਆਂ, ਜੜ੍ਹਾਂ ਵਾਲੀਆਂ ਸਬਜ਼ੀਆਂ ਅਤੇ ਹੋਰ ਸਬਜ਼ੀਆਂ ਦੀ ਪੈਦਾਵਾਰ ਹੋਈ ਹੈ। ਉਨ੍ਹਾਂ ਦੱਸਿਆ ਕਿ ਜਿਲ੍ਹੇ ਵਿੱਚ 4,149 ਹੈਕਟੇਅਰ ਰਕਬੇ ਹੇਠ ਤੇਲ ਕੱਢਣ ਵਾਲੀਆਂ ਫਸਲਾਂ, ਮਸਾਲੇਦਾਰ ਫਸਲਾਂ ਅਤੇ ਫੁੱਲਾਂ ਦੀ ਕਾਸਤ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਜਿਲ੍ਹੇ ਵਿੱਚ ਬਾਗਾਂ ਹੇਠ ਰਕਬਾ ਵੀ ਹਰ ਸਾਲ ਵਧ ਰਿਹਾ ਹੈ।

ਸ. ਗਿੱਲ ਨੇ ਦੱਸਿਆ ਕਿ ਜ਼ਿਲ੍ਹੇ ਦੇ ਪਿੰਡ ਬੀੜ ਚੜਿੱਕ ਵਿਖੇ 65 ਏਕੜ ਦਾ ਇੱਕ ਸਰਕਾਰੀ ਸਬਜ਼ੀ ਬੀਜ਼ ਫਾਰਮ ਹੈ, ਜਿੱਥੇ ਆਲੂ ਤੇ ਹੋਰ ਸਬਜ਼ੀਆਂ ਦੇ ਪ੍ਰਮਾਨਿਤ ਬੀਜ ਤਿਆਰ ਕਰਕੇ ਕਿਸਾਨਾਂ ਨੂੰ ਸਪਲਾਈ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਦੌਰਾਨ 2,100 ਕੁਇੰਟਲ ਆਲੂ ਦੇ ਬੀਜ਼ ਅਤੇ 30 ਕੁਇੰਟਲ ਦੂਸਰੀਆਂ ਸਬਜ਼ੀਆਂ ਦੇ ਬੀਜ਼ ਪੈਦਾ ਕਰਕੇ ਕਿਸਾਨਾਂ ਨੂੰ ਸਰਕਾਰ ਵੱਲੋ ਨਿਰਧਾਰਤ ਰੇਟਾਂ ਤੇ ਸਪਲਾਈ ਕੀਤੇ ਗਏ। ਉਨ੍ਹਾਂ ਦੱਸਿਆ ਕਿ ਪਿੰਡ ਪੱਧਰ ਦੇ 12 ਬਾਗਬਾਨੀ ਸਿਖਲਾਈ ਕੈਂਪ ਆਯੋਜਿਤ ਕੀਤੇ ਗਏ, ਜਿੰਨ੍ਹਾਂ ਵਿੱਚ ਜ਼ਿਮੀਦਾਰਾਂ ਨੂੰ ਬਾਗਬਾਨੀ ਵਿਭਾਗ ਦੀਆਂ ਗਤੀਵਿਧੀਆਂ ਅਤੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਬ-ਸਿਡੀਆਂ ਤੇ ਹੋਰ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ।

-----------

ਨੰ: ਪੀ.ਆਰ(ਪ੍ਰੈ ਰੀ)2015/2

**ਫ਼ੋਟੋ ਕੈਪਸ਼ਨ --(1)** ਪਿੰਡ ਕੋਕਰੀ ਕਲਾਂ ਵਿਖੇ ਕਿਸਾਨ ਸੁਖਦੇਵ ਸਿੰਘ ਹੁੰਦਲ ਦੇ ਖੇਤ 'ਚ ਸਥਾਪਿਤ ਪੌਲੀ ਹਾਊਸ ਦਾ ਦ੍ਰਿਸ਼।

(2) ਫ਼ੋਟੋ ਡੀ.ਸੀ.

